# ਛੋਟੀ ਸੁੰਡ

ਪ੍ਰੀ-ਪ੍ਰਾਇਮਰੀ-2 ਲਈ



ਸਕੂਲ ਸਿੱਖਿਆ ਵਿਭਾਗ, ਪੰਜਾਬ



ਚੁਲਬੁਲ ਇੱਕ ਛੋਟੀ ਹਥਣੀ ਸੀ।

ਉਸ ਦੀ ਸੁੰਡ ਛੋਟੀ ਸੀ।



ਇੱਕ ਵਾਰ ਉਹ ਜੰਗਲ ਵਿੱਚ ਸੈਰ ਕਰਨ ਲਈ ਚੱਲ ਪਈ।



ਉਸ ਨੂੰ ਇੱਕ ਜ਼ਿਰਾਫ ਮਿਲਿਆ।

ਜ਼ਿਰਾਫ ਨੇ ਉਸਦੀ ਸੁੰਡ ਬਾਰੇ ਪੁੱਛਿਆ।



ਅੱਗੇ ਉਸ ਨੂੰ ਇੱਕ ਜ਼ੈਬਰਾ ਮਿਲਿਆ।

ਜ਼ੈਬਰੇ ਨੇ ਆਪਣਾ ਮੂੰਹ ਹੇਠਾਂ ਕਰ ਲਿਆ।



ਥੋੜ੍ਹਾ ਹੋਰ ਅੱਗੇ ਜਾ ਕੇ ਉਸ ਨੂੰ ਹਿਰਨ ਮਿਲਿਆ।

ਉਸ ਨੇ ਵੀ ਉਸਦਾ ਮਜ਼ਾਕ ਉਡਾਇਆ।



ਚੁਲਬੁਲ ਉਦਾਸ ਹੋ ਗਈ।

ਇੱਕ ਕਾਂ ਨੇ ਪੁੱਛਿਆ– ਕੀ ਹੋਇਆ?



ਚੁਲਬੁਲ ਦੀ ਗੱਲ ਸੁਣ ਕੇ ਕਾਂ ਉਸ ਨੂੰ ਆਪਣੇ ਨਾਲ਼ ਲੈ ਗਿਆ।



ਜਾਂਦੇ-ਜਾਂਦੇ ਰਾਤ ਹੋ ਗਈ। ਉਸ ਨੂੰ ਸੁਪਨਾ ਆਇਆ।
ਦੋਵੇਂ ਇੱਕ ਤਲਾਬ ਦੇ ਕਿਨਾਰੇ ਜਾ ਪਹੁੰਚੇ। ਕਾਂ ਨੇ ਜ਼ੋਰ ਨਾਲ ਅਵਾਜ਼ ਲਗਾਈ।



ਤਲਾਬ ਵਿੱਚੋਂ ਇੱਕ ਮਗਰਮੱਛ ਨਿਕਲ਼ਿਆ।



ਚੁਲਬੁਲ ਨੇ ਮਗਰਮੱਛ ਨੂੰ ਸਾਰੀ ਗੱਲ ਦੱਸੀ।



ਚੁਲਬੁਲ ਨੇ ਉਸ ਕੋਲ਼ੋਂ ਪੁੱਛਿਆ- ਕੀ ਤੁਸੀਂ ਮੇਰੀ ਕੋਈ ਮੱਦਦ ਕਰ ਸਕਦੇ ਹੋ?

ਮਗਰਮੱਛ ਸੋਚਣ ਲੱਗਿਆ।



ਮਗਰਮੱਛ ਨੇ ਉਸ ਦੀ ਸੁੰਡ ਫੜ ਕੇ ਖਿੱਚ ਦਿੱਤੀ।

ਉਸਦੀ ਸੁੰਡ ਲੰਬੀ ਹੋ ਗਈ।



ਚੁਲਬੁਲ ਨੇ ਹੈਰਾਨੀ ਨਾਲ ਆਪਣੀ ਸੁੰਡ ਨੂੰ ਦੇਖਿਆ।



ਹੁਣ ਉਹ ਉਚਾਈ 'ਤੇ ਲੱਗੇ ਫ਼ਲ ਵੀ ਖਾ ਸਕਦੀ ਸੀ।



ਸੁੰਡ ਵਿੱਚ ਪਾਣੀ ਭਰ-ਭਰ ਕੇ ਨਹਾ ਸਕਦੀ ਸੀ।



ਪਰ ਜਦੋਂ ਉਸ ਨੂੰ ਜਾਗ ਆਈ, ਤਾਂ ਵੀ ਉਹ ਖੁਸ਼ ਸੀ ਕਿ
ਚਲੋ ਸੁਪਨੇ ਵਿੱਚ ਸੁੰਡ ਤਾਂ ਲੱਗੀ।

# ਛੋਟੀ ਹਥਣੀ ਦੀ ਸੁੰਡ ਵੱਡੀ ਕਿਵੇਂ ਹੋਈ?

**PRATHAM BOOKS**

**A Book in Every Child's Hand**

Pratham Books is a not-for-profit organization that publishes books in multiple Indian languages to promote reading among children.

PRATHAM BOOKS

**storyweaver**

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

**PRATHAM**

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-੮, ਐਸ.ਏ.ਐਸ ਨਗਰ, ਮੁਹਾਲੀ